
Tender Heart High School, Sec-33 Chd.
Class : V th
Date : 20.01.25 Subject : Punjabi
Topic : ਪਾਠ-4 (ਲੋਹੜੀ)

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਪਿਆਰੇ ਬੱਚਿਓ ਇਸ ਹਫ਼ਤੇ ਅਸੀਂ ਪੰਜਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੇ ਪਾਠ-4 "ਲੋਹੜੀ" ਬਾਰੇ ਪੜ੍ਹਾਂਗੇ। "ਲੋਹੜੀ" ਤਿਉਹਾਰ ਨਾਲ ਸੰਬੰਧਿਤ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ ਜਾਏਗੀ। ਇਸਦੇ ਨਾਲ ਹੀ ਪਾਠ-11 "ਮੇਰਾ ਸਕੂਲ ਵਿੱਚ ਪਹਿਲਾ ਦਿਨ" ਦੀ ਦੁਹਰਾਈ ਵੀ ਕਰਵਾਈ ਜਾਏਗੀ।
ਜੇ ਸਾਰੇ ਵਿਦਿਆਰਥੀ ਤਿਆਰ ਹਨ, ਤਾਂ ਆਓ ਸ਼ੁਰੂ ਕਰੀਏ

ਪਾਠ-4
"ਲੋਹੜੀ"


ਲੋਹੜੀ ਦਾ ਤਿਉਹਾਰ ਪੰਜਾਬ ਦਾ ਤਿਉਹਾਰ ਹੈ। ਇਹ ਹਰ ਸਾਲ 13 ਜਨਵਰੀ ਨੂੰ ਪੰਜਾਬ ਭਰ ਵਿੱਚ ਬੜੀ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ। ਇਹ ਖ਼ੁਸ਼ੀਆਂ ਦਾ ਤਿਉਹਾਰ ਅਖਵਾਉਂਦਾ ਹੈ। ਸਾਲ ਦੌਰਾਨ ਕਿਸੇ ਦੇ ਘਰ ਮੁੰਡਾ ਹੋਇਆ ਹੋਵੇ ਤਾਂ ਉਹ **ਵਿਸ਼ੇਸ਼** ਰੂਪ ਵਿੱਚ ਲੋਹੜੀ ਵੰਡਦੇ ਹਨ।



ਪਿੰਡਾਂ ਦੀ ਲੋਹੜੀ ਵੇਖਣ ਵਾਲ਼ੀ ਹੁੰਦੀ ਹੈ। ਪਿੰਡਾਂ ਵਿੱਚ ਲੋਹੜੀ ਤੋਂ ਕਈ-ਕਈ ਦਿਨ ਪਹਿਲਾਂ ਹੀ ਬੱਚੇ ਲੋਹੜੀ ਮੰਗਦੇ ਹਨ। ਲੋਕ **ਚਾਵਾਂ** ਨਾਲ਼ ਉਨ੍ਹਾਂ ਨੂੰ ਲੋਹੜੀ ਦਿੰਦੇ ਹਨ। ਲੋਹੜੀ ਵਾਲ਼ੇ ਦਿਨ ਤਾਂ ਸਵੇਰ ਤੋਂ ਹੀ **ਚਹਿਲ-ਪਹਿਲ** ਸ਼ੁਰੂ ਹੋ ਜਾਂਦੀ ਹੈ। ਸਭ ਲੋਕ ਇਧਰ-ਉਧਰ ਨੱਚਦੇ-ਟੱਪਦੇ ਵਿਖਾਈ ਦਿੰਦੇ ਹਨ। ਔਰਤਾਂ ਦਾ ਇੱਕ ਵੱਡਾ ਇਕੱਠ ਸੁਹਣੇ-ਸੁਹਣੇ ਕੱਪੜੇ ਪਾ ਕੇ, ਸਿਰਾਂ ਤੇ ਪਰਾਤਾਂ ਚੁੱਕ ਕੇ **ਘਰੋ-ਘਰੀਂ** ਪਤਾਸੇ, ਰਿਉੜੀਆਂ, ਬਿਸਕੁਟ, ਮਠਿਆਈ ਆਦਿ ਵੰਡਦਾ ਨਜ਼ਰ ਆਉਂਦਾ ਹੈ।

Scanned with ACE Scanner

ਰਾਤ ਹੁੰਦੇ ਹੀ ਬੱਚੇ ਘਰਾਂ ਤੋਂ ਨਿਕਲ ਆਉਂਦੇ ਹਨ। ਉਹ ਚਾਰ–ਚਾਰ, ਪੰਜ–ਪੰਜ ਦੀਆਂ ਟੋਲੀਆਂ ਬਣਾ ਕੇ ਲੋਹੜੀ ਮੰਗਣ ਲਗਦੇ ਹਨ। ਉਹ ਲੋਹੜੀ ਦੇ ਕੁਝ ਇਸ ਤਰ੍ਹਾਂ ਦੇ ਗੀਤ ਗਾਉਂਦੇ ਹਨ :–



ਸੁੰਦਰ ਮੁੰਦਰੀਏ ਹੋ !
ਤੇਰਾ ਕੌਣ ਵਿਚਾਰਾ ਹੋ !
ਦੁੱਲਾ ਭੱਟੀ ਵਾਲਾ ਹੋ !
ਦੁੱਲੇ ਧੀ ਵਿਆਹੀ ਹੋ !
ਸੇਰ ਸ਼ੱਕਰ ਪਾਈ ਹੋ !
ਕੁੜੀ ਦੇ ਬੋਝੇ ਪਾਈ !

ਲੜਕੀਆਂ ਦੇ ਗੀਤ ਆਪਣੇ ਹੁੰਦੇ ਹਨ। ਅੱਧੀ–ਅੱਧੀ ਰਾਤ ਤੱਕ ਮੁੰਡੇ–ਕੁੜੀਆਂ ਇਕੱਠੇ ਹੋ ਕੇ ਲੋਹੜੀ ਮੰਗਦੇ ਹਨ। ਲੋਕ ਉਨ੍ਹਾਂ ਨੂੰ ਪੈਸਿਆਂ ਦੇ ਨਾਲ ਰਿਓੜੀਆਂ, ਮੂੰਗਫਲੀ, ਚਿੜਵੇ ਆਦਿ ਵੰਡਦੇ ਹਨ।

ਲੋਕ ਘਰਾਂ ਵਿੱਚ **ਧੂਣੀ** ਬਾਲ਼ਦੇ ਹਨ। ਧੂਣੀ ਦੁਆਲੇ ਖ਼ੂਬ ਗਿੱਧੇ–ਭੰਗੜੇ ਪੈਂਦੇ ਹਨ। ਇਸ ਤਰ੍ਹਾਂ ਲੋਹੜੀ ਦਾ ਤਿਉਹਾਰ ਖ਼ੁਸ਼ੀ ਦਾ ਇੱਕ **ਸੰਦੇਸ਼ ਦੇ ਜਾਂਦਾ ਹੈ।**

## ਔਖੇ ਸ਼ਬਦਾਂ ਦੇ ਅਰਥ

| ਸ਼ਬਦ | ਅਰਥ | ਸ਼ਬਦ | ਅਰਥ |
|---|---|---|---|
| ਵਿਸ਼ੇਸ਼ | ਖ਼ਾਸ | ਚਾਵਾਂ | ਖ਼ੁਸ਼ੀਆਂ, ਸ਼ੌਕ। |
| ਚਹਿਲ-ਪਹਿਲ | ਰੌਣਕਾਂ | ਧੂਣੀ | ਅੱਗ ਦੀਆਂ ਲਪਟਾਂ। |
| ਸੰਦੇਸ਼ | ਸੁਨੇਹਾ | ਘਰੋ-ਘਰੀਂ | ਘਰ–ਘਰ ਜਾ ਕੇ। |

Scanned with ACE Scanner

# ਅਭਿਆਸ

## ਮੌਖਿਕ

### ਯਾਦ ਰੱਖਣ ਲਈ ਜ਼ਰੂਰੀ ਗੱਲਾਂ

1. ਲੋਹੜੀ ਦਾ ਤਿਉਹਾਰ ਭਰ ਸਰਦੀ ਵਿੱਚ ਆਉਂਦਾ ਹੈ।
2. ਇਹ ਦਿਨ ਦੇਸੀ ਮਹੀਨੇ ਪੋਹ ਦਾ ਆਖਰੀ ਦਿਨ ਹੁੰਦਾ ਹੈ।
3. ਇਸ ਤੋਂ ਅਗਲੇ ਦਿਨ ਮਾਘੀ ਹੁੰਦੀ ਹੈ।
4. 'ਮਾਘੀ' ਮੁਕਤਸਰ ਦੀ ਬਹੁਤ ਮਸ਼ਹੂਰ ਹੈ।
5. ਅੱਜ-ਕੱਲ੍ਹ ਕਈ ਲੋਕ ਕੁੜੀਆਂ ਦੇ ਜੰਮਣ ਤੇ ਵੀ ਲੋਹੜੀ ਵੰਡਣ ਲੱਗ ਪਏ ਹਨ।

### ਬਹੁ-ਵਿਕਲਪੀ ਪ੍ਰਸ਼ਨ

**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿਚ ਟਿੱਕ (✓) ਕਰੋ—**

(ੳ) ਲੋਹੜੀ ਕਿੱਥੇ ਦਾ ਤਿਉਹਾਰ ਹੈ?

ਕਰਨਾਟਕ ਦਾ ☐ ਪੰਜਾਬ ਦਾ ☑ ਹਰਿਆਣੇ ਦਾ ☐

(ਅ) ਲੋਹੜੀ ਕਿਹੜੇ ਦਿਨ ਮਨਾਈ ਜਾਂਦੀ ਹੈ?

14 ਜਨਵਰੀ ਨੂੰ ☐ 12 ਜਨਵਰੀ ਨੂੰ ☐ 13 ਜਨਵਰੀ ਨੂੰ ☑

(ੲ) ਔਰਤਾਂ ਸਿਰਾਂ ਤੇ ਕੀ ਚੁੱਕ ਕੇ ਲੋਹੜੀ ਵੰਡਦੀਆਂ ਨਜ਼ਰ ਆਉਂਦੀਆਂ ਹਨ?

ਪਰਾਤਾਂ ☑ ਟੋਕਰੇ ☐ ਛਿੱਕੂ ☐

(ਸ) ਲੋਕ ਘਰਾਂ ਵਿੱਚ ਕੀ ਬਾਲ਼ਦੇ ਹਨ?

ਗੈਸ ☐ ਚੁੱਲ੍ਹੇ ☐ ਧੂਣੀ ☑

## ਲਿਖਤੀ

1. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—**

(ੳ) ਲੋਹੜੀ ਦਾ ਤਿਉਹਾਰ ਕਿਵੇਂ ਮਨਾਇਆ ਜਾਂਦਾ ਹੈ?

ਪੰਜਾਬ ਭਰ ਵਿੱਚ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।



Scanned with ACE Scanner

(ਅ) ਔਰਤਾਂ ਘਰੋ-ਘਰੀਂ ਜਾ ਕੇ ਕੀ ਵੰਡਦੀਆਂ ਹਨ ?

ਪਤਾਸੇ, ਰਿਓੜੀਆਂ, ਬਿਸਕੁਟ, ਮਠਿਆਈਆਂ

(ੲ) ਲੋਕ ਬੱਚਿਆਂ ਨੂੰ ਲੋਹੜੀ ਦੇ ਰੂਪ ਵਿੱਚ ਕੀ-ਕੀ ਦਿੰਦੇ ਹਨ ?

ਪੈਸਿਆਂ ਦੇ ਨਾਲ ਰਿਓੜੀਆਂ, ਮੂੰਗਫਲੀ, ਫਿਰਣੇ

(ਸ) ਲੋਹੜੀ ਕਿਸ ਦਾ ਸੰਦੇਸ਼ ਦੇ ਕੇ ਜਾਂਦੀ ਹੈ ?

ਖ਼ੁਸ਼ੀ ਦਾ

2. ਹੇਠਾਂ ਦਿੱਤੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਕਰੋ—

| ਸ਼ਬਦ | ਵਾਕ |
|---|---|
| ਤਿਉਹਾਰ | ਲੋਹੜੀ ਪੰਜਾਬ ਦਾ ਤਿਉਹਾਰ ਹੈ। |
| ਗੀਤ | ਬੱਚੇ ਲੋਹੜੀ ਦੇ ਗੀਤ ਗਾਉਂਦੇ ਹਨ। |
| ਟੋਲੀਆਂ | ਬੱਚੇ ਟੋਲੀਆਂ ਬਣਾ ਕੇ ਲੋਹੜੀ ਮੰਗਦੇ ਹਨ। |
| ਧੂਣੀ | ਲੋਕ ਲੋਹੜੀ ਵਾਲੇ ਦਿਨ ਘਰਾਂ ਵਿੱਚ ਧੂਣੀ ਬਾਲਦੇ ਹਨ। |

3. ਹੇਠਾਂ ਦਿੱਤੇ ਸ਼ਬਦਾਂ ਨੂੰ ਸਾਹਮਣੇ ਦਿੱਤੇ ਅਰਥਾਂ ਨਾਲ ਮੇਲੋ —

| | |
|---|---|
| 1 ਵਿਸ਼ੇਸ਼ | 4 ਸੁਨੇਹਾ |
| 2 ਚਾਵਾਂ | 5 ਰੌਣਕਾਂ |
| 3 ਧੂਣੀ | 2 ਖ਼ੁਸ਼ੀਆਂ, ਸ਼ੌਕ |
| 4 ਸੰਦੇਸ਼ | 3 ਅੱਗ |
| 5 ਚਹਿਲ-ਪਹਿਲ | 1 ਖ਼ਾਸ |

4. ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਚੁਣੋ ਤੇ ਖ਼ਾਲੀ ਥਾਂ ਭਰੋ—

ਅੱਧੀ-ਅੱਧੀ　　ਸੰਦੇਸ਼　　ਪਿੰਡਾਂ　　ਧੂਮ-ਧਾਮ

(ੳ) ਲੋਹੜੀ ਦਾ ਤਿਉਹਾਰ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ।

(ਅ) ਪਿੰਡਾਂ ਦੀ ਲੋਹੜੀ ਦੇਖਣ ਵਾਲ਼ੀ ਹੁੰਦੀ ਹੈ।

(ੲ) ਬੱਚੇ ਅੱਧੀ-ਅੱਧੀ ਰਾਤ ਤੱਕ ਲੋਹੜੀ ਮੰਗਦੇ ਵਿਖਾਈ ਦਿੰਦੇ ਹਨ।

(ਸ) ਲੋਹੜੀ ਖ਼ੁਸ਼ੀ ਦਾ ਸੰਦੇਸ਼ ਦੇ ਕੇ ਜਾਂਦੀ ਹੈ।



Scanned with ACE Scanner

5. ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ—

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਸ਼ਾਮ | शाम | Evening |
| ਸੁਹਣੇ | सुंदर | Beautiful |
| ਗੀਤ | गीत | Song |
| ਰਾਤ | रात | Night |

## ਵਿਆਕਰਨ

1. ਹੇਠਾਂ ਦਿੱਤੇ ਸ਼ਬਦਾਂ ਦੇ ਵਚਨ ਬਦਲੋ—

| ਇੱਕ-ਵਚਨ | ਬਹੁ-ਵਚਨ | ਖ਼ੁਸ਼ੀ | ਖ਼ੁਸ਼ੀਆਂ |
|---|---|---|---|
| ਮੁੰਡਾ | ਮੁੰਡੇ | ਬੰਦਾ | ਬੰਦੇ |
| ਔਰਤ | ਔਰਤਾਂ | | |

2. ਹੇਠਾਂ ਦਿੱਤੇ ਸ਼ਬਦਾਂ ਦੇ ਲਿੰਗ ਬਦਲੋ—

| ਪੁਲਿੰਗ | ਇਸਤਰੀ-ਲਿੰਗ | ਬਾਂਦਰ | ਬਾਂਦਰੀ |
|---|---|---|---|
| ਗਿੱਦੜ | ਗਿੱਦੜੀ | ਹਿਰਨ | ਹਿਰਨੀ |
| ਘੋੜਾ | ਘੋੜੀ | ਵੱਛਾ | ਵੱਛੀ |

## ਰਚਨਾਤਮਕ ਗਤੀਵਿਧੀਆਂ

H.W.

1. ਤੁਸੀਂ ਲੋਹੜੀ ਵਾਲੇ ਦਿਨ ਕੀ-ਕੀ ਕਰਦੇ ਹੋ ? ਪੰਜ ਵਾਕ ਲਿਖੋ।

Scanned with ACE Scanner